# ਓਨਟੇਰੀਓ ਵਿਚ ਹੈਲਥ ਕੇਅਰ:
# ਐਮਰਜੰਸੀ ਵਿਚ ਇਲਾਜ ਕਰਵਾਉਣਾ

**ਜੇ ਤੁਹਾਡੀ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਕੋਈ ਡਾਕਟਰੀ ਐਮਰਜੰਸੀ ਹੈ ਤਾਂ ਫੌਰਨ ਹਸਪਤਾਲ ਦੇ ਐਮਰਜੰਸੀ ਰੂਮ ਨੂੰ ਜਾਉ ਜਾਂ 9–1–1 ਨੂੰ ਫੋਨ ਕਰੋ।** ਜੇ ਲੋੜ ਹੋਵੇ ਤਾਂ 911 ਓਪਰੇਟਰ ਤੁਹਾਡੇ ਲਈ ਦੋਭਾਸ਼ੀਆ ਫੋਨ 'ਤੇ ਲਿਆ ਸਕਦਾ ਹੈ।

**1. ਐਮਰਜੰਸੀ ਵਿਚ ਇਲਾਜ ਕਰਵਾਉਣ ਲਈ ਹਸਪਤਾਲ ਹੀ ਇੱਕੋ ਇਕ ਥਾਂ ਹੈ।** ਕਦੇ ਕਦੇ ਲੋਕ ਇਸ ਕਰਕੇ ਉੱਥੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਹੋਰ ਕਿੱਥੇ ਜਾਣਾ ਹੈ। ਆਪਣੀਆਂ ਸਾਰੀਆਂ ਚੋਣਾਂ ਨੂੰ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤੁਸੀਂ ਇੱਥੇ ਇਨ੍ਹਾਂ ਗੱਲਾਂ ਬਾਰੇ ਜਾਣਕਾਰੀ ਦੇਖੋਗੇ:

- ਅਹਿਮ ਪਰ ਜ਼ਿੰਦਗੀ ਨੂੰ ਖਤਰੇ ਵਿਚ ਨਾ ਪਾਉਣ ਵਾਲੀਆਂ ਸਮੱਸਿਆਵਾਂ ਲਈ ਮਦਦ ਕਿੱਥੋਂ ਲੈਣੀ ਹੈ
- ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀਆਂ ਸਮੱਸਿਆਵਾਂ ਲਈ ਮਦਦ ਕਿੱਥੋਂ ਲੈਣੀ ਹੈ

ਤੁਸੀਂ *ontario.ca/healthcarebasics* ਵੈੱਬਸਾਈਟ 'ਤੇ ਇਹ ਤੱਥ ਸ਼ੀਟ ਜ਼ਿਆਦਾ ਜ਼ਬਾਨਾਂ ਵਿਚ ਦੇਖ ਸਕਦੇ ਹੋ। "ਇਨਫਰਮੇਸ਼ਨ ਇਨ ਅਦਰ ਲੈਂਗੁਏਜਜ਼" ਬਟਨ 'ਤੇ ਕਲਿੱਕ ਕਰੋ। ਔਨਲਾਈਨ ਅਡੀਸ਼ਨ ਤੁਹਾਨੂੰ ਓਨਟੇਰੀਓ ਵਿਚ ਡਾਕਟਰੀ ਮਦਦ ਲੈਣ ਬਾਰੇ ਜ਼ਿਆਦਾ ਜਾਣਨ ਲਈ ਲਿੰਕ ਵੀ ਦੇਵੇਗਾ।

## ਅਹਿਮ ਪਰ ਜ਼ਿੰਦਗੀ ਨੂੰ ਖਤਰੇ ਵਿਚ ਨਾ ਪਾਉਣ ਵਾਲੀਆਂ ਸਮੱਸਿਆਵਾਂ ਲਈ ਮਦਦ ਕਿੱਥੋਂ ਲੈਣੀ ਹੈ

### 2. ਜੇ ਮੈਂ ਬੀਮਾਰ ਜਾਂ ਜ਼ਖਮੀ ਹੋ ਜਾਵਾਂ ਅਤੇ ਮੈਨੂੰ ਪੱਕਾ ਪਤਾ ਨਾ ਹੋਵੇ ਕਿ ਕੀ ਕਰਨਾ ਹੈ ਤਾਂ ਮੇਰੀ ਮਦਦ ਕੌਣ ਕਰ ਸਕਦਾ ਹੈ?

1-866-797-0000 'ਤੇ Telehealth Ontario ਨੂੰ ਫੋਨ ਕਰੋ। ਇਹ ਇਕ ਮੁਫਤ ਅਤੇ ਗੁਪਤ ਫੋਨ ਸਰਵਿਸ ਹੈ ਜਿਸ ਨੂੰ ਤੁਸੀਂ ਰਾਤ ਜਾਂ ਦਿਨ ਨੂੰ ਕਿਸੇ ਵੀ ਵੇਲੇ ਫੋਨ ਕਰ ਸਕਦੇ ਹੋ। ਤੁਸੀਂ ਸਿਹਤ ਬਾਰੇ ਸਲਾਹ ਜਾਂ ਸਿਹਤ ਦੀ ਆਮ ਜਾਣਕਾਰੀ ਕਿਸੇ ਨਰਸ ਤੋਂ ਲੈ ਸਕਦੇ ਹੋ। ਨਰਸ ਇਹ ਫੈਸਲਾ ਕਰਨ ਵਿਚ ਤੁਹਾਡੀ ਮਦਦ ਕਰੇਗੀ ਕਿ ਕੀ ਤੁਹਾਨੂੰ:

- ਘਰ ਵਿਚ ਹੀ ਆਪਣਾ ਖਿਆਲ ਰੱਖਣਾ ਚਾਹੀਦਾ ਹੈ
- ਆਪਣੇ ਡਾਕਟਰ ਨਾਲ ਅਪੌਇੰਟਮੈਂਟ ਬਣਾਉਣੀ ਚਾਹੀਦੀ ਹੈ
- ਕਿਸੇ ਕਲੀਨਿਕ ਵਿਚ ਜਾਣਾ ਚਾਹੀਦਾ ਹੈ
- ਹਸਪਤਾਲ ਦੇ ਐਮਰਜੰਸੀ ਰੂਮ ਜਾਣਾ ਚਾਹੀਦਾ ਹੈ

### 3. ਜੇ ਮੈਨੂੰ ਛੇਤੀ ਨਾਲ ਮਦਦ ਦੀ ਲੋੜ ਹੋਵੇ ਪਰ ਮੇਰੀ ਸਮੱਸਿਆ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਨਾ ਹੋਵੇ ਤਾਂ ਮੈਂ ਕਿੱਥੇ ਜਾਣਾ ਹੈ?

ਇਹ ਪਤਾ ਲਾਉਣ ਲਈ ਆਪਣੇ ਫੈਮਿਲੀ ਡਾਕਟਰ, ਫੈਮਿਲੀ ਹੈਲਥ ਟੀਮ ਜਾਂ ਨਰਸ ਪ੍ਰੈਕਟੀਸ਼ਨਰ ਕਲੀਨਿਕ ਨੂੰ ਫੋਨ ਕਰੋ ਕਿ ਕੀ ਤੁਹਾਨੂੰ ਬਿਨਾਂ ਅਪੌਇੰਟਮੈਂਟ ਦੇ ਦੇਖਿਆ ਜਾ ਸਕਦਾ ਹੈ ਜਾਂ ਵਾਧੂ ਸਮੇਂ ਦੌਰਾਨ ਦੇਖਿਆ ਜਾ ਸਕਦਾ ਹੈ। ਜੇ ਤੁਹਾਡੇ ਕੋਲ ਫੈਮਿਲੀ ਡਾਕਟਰ ਨਹੀਂ ਹੈ ਤਾਂ ਤੁਸੀਂ ਕਿਸੇ ਵਾਕ-ਇਨ ਕਲੀਨਿਕ ਵਿਚ ਜਾਣਾ ਚਾਹੁੰਦੇ ਹੋ ਸਕਦੇ ਹੋ। ਇਹ ਚਾਰਟ ਤੁਹਾਡੀਆਂ ਚੋਣਾਂ ਬਾਰੇ ਸੰਖੇਪ ਵਿਚ ਦੱਸਦਾ ਹੈ।

Punjabi – Health Care in Ontario: Getting Emergency Care Cat# 015635 Nov/2010 © Queen's Printer for Ontario

| **ਜੇ ਤੁਹਾਨੂੰ ਕੋਈ ਇਸ ਤਰ੍ਹਾਂ ਦੀ ਕੋਈ ਅਹਿਮ ਸਮੱਸਿਆ ਹੋਵੇ:** | **ਮਦਦ ਇੱਥੋਂ ਲਵੋ:** | **ਉਹ ਕਿਵੇਂ ਮਦਦ ਕਰ ਸਕਦੇ ਹਨ:** |
|---|---|---|
| ਫਲੂ, ਖੰਘ ਅਤੇ ਠੰਢ, ਮਾਮੂਲੀ ਸੱਟਾਂ, ਅਤੇ ਲੰਮੇ ਸਮੇਂ ਦੀਆਂ ਹੋਰ ਡਾਕਟਰੀ ਸਮੱਸਿਆਵਾਂ | ਫੈਮਿਲੀ ਡਾਕਟਰ ਜਾਂ ਵਾਕ-ਇਨ ਕਲੀਨਿਕ | ਉਹ ਤੁਹਾਨੂੰ ਆਮ ਸਮੇਂ ਜਾਂ ਵਾਧੂ ਸਮੇਂ ਵਿਚ ਬਿਨਾਂ ਅਪੌਇੰਟਮੈਂਟ ਦੇ ਦੇਖ ਸਕਦੇ ਹਨ |
| ਅੱਖ ਦੀ ਸੱਟ, ਜ਼ਖਮ, ਟੁੱਟਾ ਅੰਗ, ਐਕਸਰੇ ਅਤੇ ਲੈਬਾਰਟਰੀ ਟੈੱਸਟ | ਅਰਜੈਂਟ ਕੇਅਰ ਸੈਂਟਰ | ਤੁਸੀਂ ਬਿਨਾਂ ਕਿਸੇ ਅਪੌਇੰਟਮੈਂਟ ਦੇ ਦਿਨ ਦੇ 24 ਘੰਟੇ ਮਦਦ ਲੈ ਸਕਦੇ ਹੋ ਜਿਸ ਵਿਚ ਵੀਕਇੰਡ ਵੀ ਸ਼ਾਮਲ ਹਨ |

### 4. ਮੈਂ ਕੋਈ ਡਾਕਟਰ ਜਾਂ ਇਲਾਜ ਕਰਨ ਵਾਲਾ ਕੋਈ ਹੋਰ ਕਿਵੇਂ ਲੱਭਣਾ ਹੈ?

**ਹੈਲਥ ਕੇਅਰ ਕੋਨੈਕਟ** ਲਈ ਨਾਂ ਦਰਜ ਕਰਵਾਉ। ਤੁਸੀਂ ਇਸ ਮੁਫਤ ਸਰਵਿਸ ਨਾਲ ਔਨਲਾਈਨ ਰਜਿਸਟਰ ਹੋ ਸਕਦੇ ਹੋ ਜਾਂ 1-800-445-1822 ਨੂੰ ਫੋਨ ਕਰੋ। ਇਹ ਪੱਕਾ ਕਰੋ ਕਿ ਤੁਹਾਡੇ ਕੋਲ Ontario Health Insurance Plan (OHIP) ਦਾ ਸਹੀ ਕਾਰਡ ਹੋਵੇ।

### 5. ਜੇ ਮੈਨੂੰ ਕੋਈ ਅਹਿਮ ਡਾਕਟਰੀ ਸਮੱਸਿਆ ਹੋਵੇ ਜਿਸ ਦਾ ਇਲਾਜ ਫੈਮਿਲੀ ਡਾਕਟਰ ਨਾ ਕਰ ਸਕਦਾ ਹੋਵੇ ਤਾਂ ਮੈਂ ਕਿੱਥੇ ਜਾਣਾ ਹੈ?

ਆਪਣੇ ਨੇੜੇ ਦੇ ਵਾਕ-ਇਨ ਕਲੀਨਿਕ ਜਾਂ ਅਰਜੈਂਟ ਕੇਅਰ ਸੈਂਟਰ ਨੂੰ ਜਾਉ। ਜਾਂ, ਆਪਣੀ ਫੈਮਿਲੀ ਹੈਲਥ ਟੀਮ ਨੂੰ ਫੋਨ ਕਰੋ, ਜੇ ਤੁਸੀਂ ਆਪਣਾ ਨਾਂ ਦਰਜ ਕਰਵਾਇਆ ਹੋਇਆ ਹੈ। ਤੁਹਾਨੂੰ ਮਦਦ ਦਿਨ ਦੌਰਾਨ, ਸ਼ਾਮ ਨੂੰ ਅਤੇ ਵੀਕਇੰਡਾਂ ਨੂੰ ਮਿਲ ਸਕਦੀ ਹੈ। ਇਹ ਸੈਂਟਰ ਅੱਖ ਦੀ ਸੱਟ, ਜ਼ਖਮ, ਟੁੱਟਾ ਅੰਗ, ਐਕਸਰੇ ਅਤੇ ਲੈਬਾਰਟਰੀ ਟੈੱਸਟਾਂ ਵਰਗੀਆਂ ਸਮੱਸਿਆਵਾਂ ਵਿਚ ਮਦਦ ਕਰ ਸਕਦੇ ਹਨ। ਤੁਹਾਨੂੰ ਅਪੌਇੰਟਮੈਂਟ ਬਣਾਉਣ ਦੀ ਲੋੜ ਨਹੀਂ ਹੈ - ਜੇ ਤੁਹਾਨੂੰ ਮਦਦ ਦੀ ਲੋੜ ਹੈ ਤਾਂ ਉੱਥੇ ਜਾਉ। ਅਤੇ ਆਪਣੇ ਨਾਲ ਆਪਣਾ OHIP ਕਾਰਡ ਲਿਜਾਣਾ ਨਾ ਭੁੱਲੋ।

## ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀਆਂ ਸਮੱਸਿਆਵਾਂ ਲਈ ਮਦਦ ਕਿੱਥੋਂ ਲੈਣੀ ਹੈ

### 6. ਮੈਨੂੰ ਹਸਪਤਾਲ ਦੇ ਐਮਰਜੰਸੀ ਰੂਮ ਨੂੰ ਕਦੋਂ ਜਾਣਾ ਚਾਹੀਦਾ ਹੈ?

ਐਮਰਜੰਸੀ ਰੂਮ ਨੂੰ ਈ ਆਰ ਵੀ ਆਖਿਆ ਜਾਂਦਾ ਹੈ। ਈ ਆਰ, ਮਰੀਜ਼ਾਂ ਨੂੰ ਹਸਪਤਾਲ ਵਿਚ ਬਹੁਤ ਜ਼ਰੂਰੀ ਡਾਕਟਰੀ ਅਤੇ ਸਰਜਰੀ ਦੇ ਇਲਾਜ ਪ੍ਰਦਾਨ ਕਰਦਾ ਹੈ। ਤੁਸੀਂ ਈ ਆਰ ਨੂੰ ਸਿਰਫ ਸੰਭਵ ਤੌਰ 'ਤੇ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀ ਕਿਸੇ ਬੀਮਾਰੀ ਜਾਂ ਸੱਟ ਲਈ ਹੀ ਜਾਵੋਗੇ।

### 7. ਕੀ ਮੈਂ ਆਪਣੇ ਆਪ ਨੂੰ ਐਮਰਜੰਸੀ ਰੂਮ (ਈ ਆਰ) ਲਿਜਾਣ ਲਈ ਐਂਬੂਲੈਂਸ ਨੂੰ ਫੋਨ ਕਰ ਸਕਦਾ/ਸਕਦੀ ਹਾਂ?

ਓਨਟੇਰੀਓ, ਬਹੁਤ ਅਹਿਮ ਸਿਹਤ ਐਮਰਜੰਸੀਆਂ ਲਈ ਹਵਾਈ ਅਤੇ ਸੜਕੀ ਐਂਬੂਲੈਂਸ ਪ੍ਰਦਾਨ ਕਰਦਾ ਹੈ। ਐਂਬੂਲੈਂਸਾਂ ਤੁਹਾਨੂੰ ਈ ਆਰ ਵਿਚ ਤੇਜ਼ੀ ਨਾਲ ਲਿਆ ਸਕਦੀਆਂ ਹਨ ਅਤੇ ਸਫਰ ਦੌਰਾਨ ਤੁਹਾਡੀ ਮਦਦ ਲਈ ਟਰੇਂਡ ਲੋਕ ਐਂਬੂਲੈਂਸ ਵਿਚ ਹੁੰਦੇ ਹਨ। ਸੜਕ 'ਤੇ, ਉਨ੍ਹਾਂ ਦੇ ਸਾਇਰਨ, ਦੂਜੀਆਂ ਕਾਰਾਂ ਨੂੰ ਰਾਹ ਵਿੱਚੋਂ ਪਰ੍ਹਾਂ ਹੋਣ ਦੀ ਚਿਤਾਵਨੀ ਦੇ ਕੇ ਟਰੈਫਿਕ ਵਿਚ ਦੀ ਰਾਹ ਸਾਫ ਕਰਦੇ ਹਨ।

ਜੇ ਤੁਹਾਨੂੰ ਹਸਪਤਾਲ ਲਿਜਾਣ ਲਈ ਐਂਬੂਲੈਂਸ ਦੀ ਲੋੜ ਹੋਵੇ ਤਾਂ Ontario Health Insurance Plan (OHIP) ਖਰਚੇ ਦਾ ਬਹੁਤਾ ਹਿੱਸਾ ਦੇਵੇਗੀ। ਤੁਹਾਨੂੰ ਇਕ ਛੋਟੀ ਫੀਸ ਦੇਣੀ ਪਵੇਗੀ (45 ਡਾਲਰ)।

***ਨੋਟ:*** ਜੇ ਹਸਪਤਾਲ ਵਿਚ ਤੁਹਾਨੂੰ ਦੇਖਣ ਵਾਲਾ ਡਾਕਟਰ ਇਹ ਸੋਚਦਾ ਹੈ ਕਿ ਤੁਹਾਡਾ ਐਂਬੂਲੈਂਸ ਵਿਚ ਆਉਣਾ ਡਾਕਟਰੀ ਤੌਰ 'ਤੇ ਜ਼ਰੂਰੀ ਨਹੀਂ ਸੀ ਤਾਂ ਤੁਹਾਨੂੰ 240 ਡਾਲਰ ਦੇਣੇ ਪੈਣਗੇ।

### 8. ਮੈਂ ਐਂਬੂਲੈਂਸ ਨੂੰ ਕਿਵੇਂ ਸੱਦਣਾ ਹੈ?

ਐਂਬੂਲੈਂਸ ਨੂੰ ਫੋਨ ਸੱਦਣ ਲਈ, ਕਿਸੇ ਵੀ ਫੋਨ ਤੋਂ 911 ’ਤੇ ਫੋਨ ਕਰੋ। 911 ਓਪਰੇਟਰ ਤੁਹਾਡੇ ਲਈ ਦੋਭਾਸ਼ੀਆ ਲਿਆ ਸਕਦਾ ਹੈ ਜੇ ਇਸ ਦੀ ਲੋੜ ਹੋਵੇ। ਉਹ ਤੁਹਾਨੂੰ ਤੁਹਾਡੀ ਸਿਹਤ ਸਮੱਸਿਆ ਬਾਰੇ ਪੁੱਛਣਗੇ ਅਤੇ ਜੇ ਲੋੜ ਹੋਵੇ ਤਾਂ ਐਂਬੂਲੈਂਸ ਭੇਜਣਗੇ। ਤੁਹਾਡੀ ਕਾਲ ਕਿਸੇ ਵੀ ਫੋਨ ਤੋਂ ਮੁਫਤ ਹੈ।

### 9. ਐਮਰਜੰਸੀ ਰੂਮ (ਈ ਆਰ) ਵਰਤਣ ਲਈ ਕੀ ਮੈਨੂੰ ਓ ਐੱਚ ਆਈ ਪੀ ਕਾਰਡ ਦੀ ਲੋੜ ਹੈ?

ਕਿਸੇ ਐਮਰਜੰਸੀ ਵਿਚ, ਹਸਪਤਾਲ ਤੁਹਾਡਾ ਇਲਾਜ ਪਹਿਲਾਂ ਤੁਹਾਡੇ ਕਾਰਡ ਦੇਖੇ ਬਿਨਾਂ ਕਰਨਗੇ। ਪਰ ਤੁਹਾਨੂੰ ਬਾਅਦ ਵਿਚ ਆਪਣਾ ਕਾਰਡ ਜ਼ਰੂਰ ਦਿਖਾਉਣਾ ਪਵੇਗਾ ਜੇ ਤੁਸੀਂ ਚਾਹੁੰਦੇ ਹੋ ਕਿ Ontario Health Insurance Plan (OHIP) ਤੁਹਾਡੇ ਹਸਪਤਾਲ ਦੇ ਬਿੱਲ ਦੇਵੇ।

### 10. ਮੇਰੇ ਐਮਰਜੰਸੀ ਰੂਮ (ਈ ਆਰ) ਵਿਚ ਜਾਣ ’ਤੇ ਕੀ ਹੁੰਦਾ ਹੈ?

ਤੁਹਾਡੇ ਪਹੁੰਚਣ ’ਤੇ ਇਹ ਹੋਣ ਦੀ ਸੰਭਾਵਨਾ ਹੈ:

- ਸਭ ਤੋਂ ਪਹਿਲਾਂ ਤੁਹਾਨੂੰ ਈ ਆਰ ਦੇ ਸਾਹਮਣੇ ਵਾਲੇ ਡੈੱਸਕ ’ਤੇ ਸਾਈਨ ਕਰਨੇ ਪੈਣਗੇ। ਇਸ ਨਾਲ ਸਟਾਫ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਉੱਥੇ ਹੋ ਅਤੇ ਤੁਹਾਡੀ ਸਮੱਸਿਆ ਕੀ ਹੈ। ਜੇ ਤੁਹਾਡੀ ਡਾਕਟਰੀ ਸਮੱਸਿਆ ਲਈ ਫੌਰੀ ਕਾਰਵਾਈ ਕਰਨ ਦੀ ਲੋੜ ਹੋਵੇ ਤਾਂ ਕੋਈ ਨਰਸ ਜਾਂ ਡਾਕਟਰ ਤੁਹਾਨੂੰ ਫੌਰਨ ਦੇਖ ਸਕਦਾ ਹੈ।
- ਫਿਰ ਤੁਹਾਨੂੰ ਈ ਆਰ ਨਰਸ ਦੇਖੇਗੀ। ਇਹ ਨਰਸ ਇਹ ਪੱਕਾ ਕਰਦੀ ਹੈ ਕਿ ਜ਼ਿਆਦਾ ਬੀਮਾਰ ਲੋਕਾਂ ਨੂੰ ਡਾਕਟਰ ਪਹਿਲਾਂ ਦੇਖੇ।
- ਜੇ ਤੁਹਾਨੂੰ ਉਡੀਕ ਕਰਨੀ ਪਵੇ ਤਾਂ ਤੁਹਾਨੂੰ ਉਡੀਕ ਕਰਨ ਵਾਲੇ ਏਰੀਏ ਵਿਚ ਬਹਿਣ ਲਈ ਕਿਹਾ ਜਾਵੇਗਾ।
- ਚੈੱਕ ਕਰਨ ਵਾਲੇ ਕਮਰੇ ਦੇ ਤਿਆਰ ਹੋਣ ’ਤੇ ਸਟਾਫ ਤੁਹਾਡਾ ਨਾਂ ਬੋਲੇਗਾ। ਚੈੱਕ ਕਰਨ ਵਾਲੇ ਕਮਰੇ ਵਿਚ ਇਕ ਬੈੱਡ ਅਤੇ ਇਕ ਕੁਰਸੀ ਹੋਣ ਦੀ ਸੰਭਾਵਨਾ ਹੈ। ਇਸ ਵਿਚ ਕੁਝ ਡਾਕਟਰੀ ਸਾਜ਼-ਸਾਮਾਨ ਵੀ ਹੋ ਸਕਦਾ ਹੈ। ਡਾਕਟਰ ਨੂੰ ਦੇਖਣ ਲਈ ਤੁਹਾਨੂੰ ਥੋੜ੍ਹੇ ਜਿਹੇ ਸਮੇਂ ਲਈ ਉਡੀਕ ਵੀ ਕਰਨੀ ਪੈ ਸਕਦੀ ਹੈ।
- ਜਦੋਂ ਡਾਕਟਰ ਆਵੇਗਾ ਤਾਂ ਉਹ ਤੁਹਾਡੀ ਡਾਕਟਰੀ ਸਮੱਸਿਆ ਬਾਰੇ ਤੁਹਾਡੇ ਨਾਲ ਗੱਲ ਕਰੇਗਾ ਅਤੇ ਤੁਹਾਨੂੰ ਚੈੱਕ ਕਰੇਗਾ। ਇਸ ਸਮੇਂ ਡਾਕਟਰ ਇਹ ਫੈਸਲਾ ਕਰੇਗਾ ਕਿ ਅਗਾਂਹ ਕੀ ਹੋਣਾ ਚਾਹੀਦਾ ਹੈ। ਉਦਾਹਰਣ ਲਈ, ਤੁਹਾਨੂੰ ਐਕਸਰੇ ਜਾਂ ਕਿਸੇ ਟੈੱਸਟ ਦੀ ਲੋੜ ਹੋ ਸਕਦੀ ਹੈ। ਤੁਹਾਨੂੰ ਆਪਣੇ ਨਤੀਜਿਆਂ ਲਈ ਉਡੀਕ ਕਰਨੀ ਪੈ ਸਕਦੀ ਹੈ।

ਡਾਕਟਰ ਨੂੰ ਤੁਹਾਡੀ ਸਮੱਸਿਆ ਬਾਰੇ ਜ਼ਿਆਦਾ ਪਤਾ ਲੱਗ ਜਾਣ ’ਤੇ ਤੁਹਾਡਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਘਰ ਭੇਜਿਆ ਜਾ ਸਕਦਾ ਹੈ। ਜਾਂ, ਜੇ ਤੁਹਾਡਾ ਕੇਸ ਜ਼ਿਆਦਾ ਗੰਭੀਰ ਹੋਵੇ ਤਾਂ ਤੁਸੀਂ ਅਗਾਂਹ ਹੋਰ ਟੈੱਸਟਾਂ ਜਾਂ ਇਲਾਜ ਲਈ ਹਸਪਤਾਲ ਵਿਚ ਰਹੋਗੇ।

### 11. ਜੇ ਮੈਂ ਐਮਰਜੰਸੀ ਰੂਮ (ਈ ਆਰ) ਵਿਚ ਜਾਵਾਂ ਤਾਂ ਮੈਨੂੰ ਕਿੰਨਾ ਸਮਾਂ ਉਡੀਕ ਕਰਨੀ ਪਵੇਗੀ?

ਤੁਸੀਂ ਈ ਆਰ ਵਿਚ ਕਿੰਨਾ ਸਮਾਂ ਬਿਤਾਉਗੇ, ਇਸ ਉੱਪਰ ਬਹੁਤ ਸਾਰੀਆਂ ਚੀਜ਼ਾਂ ਅਸਰ ਪਾ ਸਕਦੀਆਂ ਹਨ:

- ਤੁਹਾਡੀ ਹਾਲਤ ਕਿੰਨੀ ਗੰਭੀਰ ਹੈ
- ਤੁਹਾਡਾ ਈ ਆਰ ਵਿਚ ਜਾਣ ਦਾ ਸਮਾਂ ਅਤੇ ਦਿਨ
- ਜਿਸ ਹਸਪਤਾਲ ਵਿਚ ਤੁਸੀਂ ਗਏ ਹੋ ਉਸ ਦਾ ਆਕਾਰ ਅਤੇ ਸਥਾਨ
- ਈ ਆਰ ਕਿੰਨਾ ਕੁ ਬਿਜ਼ੀ ਹੈ, ਵੱਡੇ ਐਕਸੀਡੈਂਟਾਂ ਜਾਂ ਫਲੂ ਫੈਲਣ ਵਰਗੇ ਕਾਰਨਾਂ ਕਰਕੇ
- ਕੀ ਤੁਹਾਨੂੰ ਸਰਜਰੀ ਜਾਂ ਹੋਰ ਇਲਾਜ ਲਈ ਹਸਪਤਾਲ ਵਿਚ ਰਹਿਣ ਦੀ ਲੋੜ ਹੈ

ਤੁਸੀਂ ਇੰਟਰਨੈੱਟ ’ਤੇ ਹਸਪਤਾਲ ਦੇ ਉਡੀਕ ਸਮਿਆਂ ਬਾਰੇ ਜ਼ਿਆਦਾ ਜਾਣ ਸਕਦੇ ਹੋ।

**12. ਓਨੇਟਰੀਓ ਵਿਚ ਹੈਲਥ ਕੇਅਰ ਸਿਸਟਮ ਦੀ ਵਰਤੋਂ ਬਾਰੇ ਮੇਰੇ ਮਨ ਵਿਚ ਸਵਾਲ ਹਨ। ਮੈਂ ਕਿਸ ਨੂੰ ਫੋਨ ਕਰਾਂ?**

ਸਰਵਿਸਓਨਟੇਰੀਓ, ਇੰਫੋਲਾਈਨ ਨਾਲ ਸਵੇਰ ਦੇ 8:30 ਤੋਂ ਲੈ ਕੇ ਸ਼ਾਮ ਦੇ 5:00 ਵਜੇ ਤੱਕ ਸੰਪਰਕ ਕਰੋ। ਸਟਾਫ ਅੰਗਰੇਜ਼ੀ, ਫਰੈਂਚ ਅਤੇ 20 ਹੋਰ ਜ਼ਬਾਨਾਂ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋਵੇਗਾ। ਫੋਨ ਕਰੋ:

- 1-866-532-3161
- ਟੀ ਟੀ ਵਾਈ 1-800-387-5559
- ਟੋਰਾਂਟੋ ਵਿਚ, ਟੀ ਟੀ ਵਾਈ 416-327-4282

health.gov.on.ca ’ਤੇ ਔਨਲਾਈਨ ਜ਼ਿਆਦਾ ਜਾਣੋ।